## ਬੀ.ਸੀ. ਸਕੂਲ ਐਕਟ

### ਲਚਕਦਾਰ ਗਾਈਡਲਾਈਨਾਂ

ਸਾਰੇ ਸਕੂਲ ਜਿਲ੍ਹਿਆਂ ਕੋਲ ਅਜਿਹੀਆਂ ਨੀਤੀਆਂ ਤਿਆਰ ਕਰਨ ਦੀ ਤਾਕਤ ਹੈ ਜਿਹੜੀਆਂ ਜਿਲ੍ਹਿਆਂ ਦੀਆਂ ਆਪਣੀਆਂ ਲੋੜਾਂ ਪੂਰੀਆਂ ਕਰਦੀਆਂ ਹੋਣ। ਹੋਰ ਸਕੂਲ ਜਿਲ੍ਹਿਆਂ ਤੋਂ ਵਿਦਿਆਰਥੀ ਪ੍ਰਵਾਨ ਕਰਨ ਦੇ ਸਬੰਧ ਵਿਚ ਪੜ੍ਹਾਈ ਕਰਵਾਉਣ ਵਾਲੇ ਬੋਰਡਾਂ ਲਈ ਪਹਿਲਾਂ ਇਨ੍ਹਾਂ ਨੂੰ ਵਿਚਾਰਨਾ ਜ਼ਰੂਰੀ ਹੈ:

- ਜਿਹੜੇ ਵਿਦਿਆਰਥੀ ਸਕੂਲ ਦੇ ਇਲਾਕੇ ਵਿਚ ਰਹਿੰਦੇ ਹਨ;
- ਸਕੂਲ ਵਿਚ ਪਹਿਲਾਂ ਹੀ ਪੜ੍ਹ ਰਹੇ ਵਿਦਿਆਰਥੀਆਂ ਦੇ ਭੈਣ, ਭਰਾ; ਅਤੇ
- ਹੋਰ ਵਿਦਿਆਰਥੀ ਜਿਹੜੇ ਸਕੂਲ ਜਿਲ੍ਹੇ ਵਿਚ ਰਹਿੰਦੇ ਹਨ।

<u>ਜੇ</u> ਸਕੂਲ ਅਤੇ ਪ੍ਰੋਗਰਾਮ ਵਿਚ ਥਾਂ ਹੋਵੇ ਤਾਂ ਜਿਲ੍ਹਾ, ਜਿਲ੍ਹੇ ਤੋਂ ਬਾਹਰਲੇ ਵਿਦਿਆਰਥੀਆਂ ਨੂੰ ਦਾਖਲ ਕਰ <u>ਸਕਦਾ</u> ਹੈ।

VSB

**“The British Columbia School Act”**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ  ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada | BRITISH COLUMBIA The Best Place on Earth | WelcomeBC

# ਬ੍ਰਿਟਿਸ਼ ਕੋਲੰਬੀਆ ਸਕੂਲ ਐਕਟ



***ਇਹ ਤੁਹਾਡੇ ਬੱਚੇ ਦੀ ਪੜ੍ਹਾਈ ’ਤੇ ਕਿਵੇਂ ਅਸਰ ਪਾਉਂਦਾ ਹੈ***

## ਬੀ.ਸੀ. ਸਕੂਲ ਐਕਟ

*ਬੀ.ਸੀ. ਦੇ ਸਕੂਲ ਸਿਸਟਮਾਂ ਲਈ ਕੀ ਆਦੇਸ਼ ਹੈ?*

***"ਬੀ ਸੀ ਸਕੂਲ ਸਿਸਟਮ ਦਾ ਮੰਤਵ ਵਿਦਿਆਰਥੀਆਂ ਨੂੰ ਆਪਣੀਆਂ ਨਿੱਜੀ ਸੰਭਾਵਨਾਵਾਂ ਵਿਕਸਿਤ ਕਰਨ ਦੇ ਯੋਗ ਬਣਾਉਣਾ ਅਤੇ ਉਹ ਗਿਆਨ, ਹੁਨਰ ਅਤੇ ਵਤੀਰੇ ਹਾਸਲ ਕਰਵਾਉਣਾ ਹੈ ਜਿਨ੍ਹਾਂ ਦੀ ਸਿਹਤਮੰਦ ਸਮਾਜ ਅਤੇ ਖੁਸ਼ਹਾਲ ਅਤੇ ਜਾਰੀ ਰਹਿਣ ਯੋਗ ਇਕੌਨਮੀ ਵਿਚ ਯੋਗਦਾਨ ਪਾਉਣ ਲਈ ਲੋੜ ਹੈ।***

ਸਕੂਲ ਐਕਟ ਸੈਕਸ਼ਨ 169 (3)



## ਬੀ.ਸੀ. ਸਕੂਲ ਐਕਟ ਕੀ ਹੈ?

ਸਕੂਲ ਐਕਟ ਰਾਹੀਂ ਬੀ.ਸੀ. ਦਾ ਵਿਦਿਆ ਮਹਿਕਮਾ ਪੜ੍ਹਾਈ ਕਰਵਾਉਣ ਵਾਲੇ ਬੋਰਡਾਂ ਨੂੰ ਗਾਈਡਲਾਈਨਾਂ (ਸੇਧਾਂ) ਪ੍ਰਦਾਨ ਕਰਦਾ ਹੈ ਕਿ ਉਨ੍ਹਾਂ ਲਈ ਕੀ ਕਰਨਾ ਜ਼ਰੂਰੀ ਹੈ। ਕੁਝ ਗਾਈਡਲਾਈਨਾਂ ਬਹੁਤ ਖਾਸ ਹਨ ਕਿਉਂਕਿ ਉਹ ਸੂਬੇ ਵਿਚਲੇ ਸਾਰੇ ਜ਼ਿਲ੍ਹਿਆਂ 'ਤੇ ਲਾਗੂ ਹੁੰਦੀਆਂ ਹਨ। ਕੁਝ ਹੋਰ ਗਾਈਡਲਾਈਨਾਂ ਪੜ੍ਹਾਈ ਕਰਵਾਉਣ ਵਾਲੇ ਬੋਰਡਾਂ ਨੂੰ ਆਪਣੀਆਂ ਖੁਦ ਦੀਆਂ ਨੀਤੀਆਂ ਬਣਾਉਣ ਦੀ ਆਗਿਆ ਦਿੰਦੀਆਂ ਹਨ। ਇਨ੍ਹਾਂ ਗਾਈਡਲਾਈਨਾਂ ਦਾ ਸਕੂਲ ਐਕਟ ਨਾਲ ਸਹਿਮਤ ਹੋਣਾ ਜ਼ਰੂਰੀ ਹੈ, ਪਰ ਇਹ ਜ਼ਿਲ੍ਹਿਆਂ ਦੀਆਂ ਨਿੱਜੀ ਹਾਲਤਾਂ ਮੁਤਾਬਕ ਹੋ ਸਕਦੀਆਂ ਹਨ।

## ਖਾਸ ਗਾਈਡਲਾਈਨਾਂ

ਸਾਰੇ ਸਕੂਲ ਜ਼ਿਲ੍ਹਿਆਂ ਲਈ ਇਹ ਪੱਕਾ ਕਰਨਾ ਜ਼ਰੂਰੀ ਹੈ:

- ਕਿ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕਾਂ ਨੂੰ ਸਰਕਾਰੀ ਪੜ੍ਹਾਈ ਮੁਫਤ ਕਰਵਾਈ ਜਾ ਰਹੀ ਹੈ। (ਵਸਨੀਕ ਉਹ ਪਰਿਵਾਰ ਹਨ ਜਿਹੜੇ ਬੀ.ਸੀ. ਵਿਚ ਰਹਿੰਦੇ ਅਤੇ ਟੈਕਸ ਦਿੰਦੇ ਹਨ)
- ਕਿ 5 ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਅਤੇ ਗਭਰੂਆਂ ਨੂੰ ਪੜ੍ਹਾਈ ਕਰਵਾਈ ਜਾ ਰਹੀ ਹੈ।
- ਕਿ ਕੋਈ ਬੱਚਾ ਜੋ ਕਿਸੇ ਵੀ ਸਾਲ ਦੀ 1 ਜੁਲਾਈ ਨੂੰ 19 ਸਾਲ ਦਾ ਹੋ ਜਾਂਦਾ ਹੈ, ਉਹ ਸਤੰਬਰ ਵਿਚ ਸਕੂਲ ਸ਼ੁਰੂ ਕਰ ਸਕਦਾ ਹੈ ਅਤੇ ਪੜ੍ਹਾਈ ਦਾ ਉਹ ਸਾਲ ਖਤਮ ਕਰ ਸਕਦਾ ਹੈ।
- ਕਿ 5 ਤੋਂ 16 ਸਾਲ ਦੀ ਉਮਰ ਦੇ ਵਿਦਿਆਰਥੀਆਂ ਨੂੰ ਸਿੱਖਿਆ **ਮਿਲ** ਰਹੀ ਹੈ।
- ਕਿ ਵਿਦਿਆਰਥੀਆਂ ਨੂੰ ਆਪਣੇ ਸਕੂਲ ਜ਼ਿਲ੍ਹੇ ਵਿਚ ਸਕੂਲ ਜਾਣ ਦਾ ਹੱਕ ਹੈ।
- ਕਿ ਵਿਦਿਆਰਥੀਆਂ ਨੂੰ ਸੂਬੇ ਵਿਚ ਕਿਸੇ ਵੀ ਸਕੂਲ ਵਿਚ ਦਾਖਲਾ ਲੈਣ ਲਈ **ਅਪਲਾਈ** ਕਰਨ ਦਾ ਹੱਕ ਹੈ।

